## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।
### (ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ:/ਐ:ਸਿ:)
**ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)**

ਮੀਮੋ ਨੰਬਰ DPISE-SEDU0GENL/50/2020-SECONDARY EDUCATION-DPISE/202153440
ਮਿਤੀ: ਸ.ਅ.ਸ.ਨਗਰ, 9/2/2021

ਵਿਸ਼ਾ:- **ਸਕੂਲਾਂ ਵਿੱਚ ਵੱਖ ਵੱਖ NGO's ਆਦਿ ਵੱਲੋਂ ਸਕੂਲੀ ਬੱਚਿਆਂ ਨੂੰ ਰੈਲੀਆਂ/ਪ੍ਰੋਗਰਾਮਾਂ ਵਿੱਚ ਸ਼ਾਮਿਲ ਕਰਨ ਸਬੰਧੀ।**

ਹਵਾਲਾ:- ਉਪਰੋਕਤ ਵਿਸ਼ੇ ਤੇ ਚੇਅਰਮੈਨ ਬਾਲ ਅਧਿਕਾਰ ਰੱਖਿਆ ਕਮਿਸ਼ਨ, ਪੰਜਾਬ, ਵਣ ਭਵਨ ਦੇ ਪੱਤਰ ਨੰਬਰ ਐਸ.ਸੀ.ਪੀ.ਸੀ.ਆਰ/2020/144 **ਅਤੇ** ਐਸ.ਸੀ..ਪੀ.ਸੀ.ਆਰ/2020/145 ਮਿਤੀ 30-01-2020 **ਦੇ ਸਬੰਧ ਵਿੱਚ।**

1.0 ਉਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਚੇਅਰਮੈਨ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਵਾਰ ਸਕੂਲਾਂ ਵਿੱਚ ਵੱਖ ਵੱਖ NGO ਅਤੇ ਹੋਰ ਏਜੰਸੀਆਂ/ਸੰਸਥਾਵਾਂ ਵੱਲੋਂ ਸਕੂਲੀ ਬੱਚਿਆਂ ਨੂੰ ਰੈਲੀਆਂ/ਜਾਗਰੂਕਤਾ ਮੁਹਿੰਮਾਂ ਆਦਿ ਵਿੱਚ ਸ਼ਾਮਿਲ ਕਰਨ ਹਿਤ ਸਕੂਲਾਂ ਨੂੰ ਪਹੁੰਚ ਕੀਤੀ ਜਾਂਦੀ ਹੈ। ਇਸ ਨਾਲ ਵਿਦਿਆਰਥੀਆਂ ਦੇ ਇਹਨਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਨਾਲ ਅਣਸੁਖਾਵੇਂ ਮੌਸਮਾਂ ਵਿੱਚ ਬੀਮਾਰ ਹੋਣ ਅਤੇ ਗੰਭੀਰ ਰੂਪ ਵਿੱਚ ਜਖਮੀ ਹੋਣ ਦਾ ਖਦਸ਼ਾ ਰਹਿੰਦਾ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ।

2.0 ਕੋਵਿਡ ਮਹਾਂਮਾਰੀ ਦੌਰਾਨ ਅਜਿਹਾ ਖਦਸ਼ਾ ਹੋਰ ਵੱਧ ਗਿਆ ਹੈ ਅਤੇ ਕਿਉਂਕਿ ਕੋਵਿਡ-19 ਕਾਰਣ ਲੰਬਾ ਸਮਾਂ ਸਕੂਲ ਬੰਦ ਰਹਿਣ ਕਾਰਨ ਪਹਿਲਾਂ ਹੀ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ, ਇਸ ਲਈ ਬੱਚਿਆਂ ਦੀ ਸਲਾਮਤੀ ਅਤੇ ਪੜ੍ਹਾਈ ਦੇ ਸਨਮੁੱਖ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਬੱਚਿਆਂ ਨੂੰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਕਿਸੇ ਵੀ NGO/ ਏਜੰਸੀ/ਕੰਪਨੀ ਆਦਿ ਦੇ ਪ੍ਰੋਗਰਾਮਾਂ ਵਿੱਚ ਨਾ ਭੇਜਿਆ ਜਾਵੇ।

3.0 ਕਿਉਂਕਿ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਤੇ ਪ੍ਰਤੀਯੋਗੀ ਪ੍ਰੀਖਿਆਵਾਂ ਵਾਸਤੇ ਬਹੁਤ ਘੱਟ ਸਮਾਂ ਬਚਿਆ ਹੈ ਇਸ ਲਈ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣ ਅਤੇ ਉਹਨਾਂ ਨੂੰ ਪੜ੍ਹਾਈ ਲਿਖਾਈ ਤੋਂ ਇਲਾਵਾ ਕਿਸੇ ਹੋਰ ਕਾਰਜ ਵਿੱਚ ਨਾ ਲਾਇਆ ਜਾਵੇ।

ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:) ਪੰਜਾਬ

ਪਿੱਠ ਅੰਕਣ ਨੰਬਰ ਉਕਤ ਮਿਤੀ: ਸ.ਅ.ਸ.ਨਗਰ, 9/2/2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ-

1. ਚੇਅਰਮੈਨ, ਬਾਲ ਅਧਿਕਾਰ ਰੱਖਿਆ ਕਮਿਸ਼ਨ,ਪੰਜਾਬ ਵਣ ਭਵਨ, ਦੂਜੀ ਮੰਜਿਲ . ਟਾਵਰ-4, ਸੈਕਟਰ-68, ਐਸ.ਏ.ਐਸ.ਨਗਰ।
2. ਪੀ.ਆਰ.ਓ./ਮਾਨਯੋਗ ਸਕੱਤਰ ਸਕੂਲ ਸਿਖਿਆ ਵਿਭਾਗ।

ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:) ਪੰਜਾਬ